Supporting a positive workplace...

# Labour Relations at work

## ਸਕਾਰਾਤਮਕ ਕੰਮ-ਥਾਂ ਦਾ ਸਹਾਈ

## ਕੰਮ ਉੱਤੇ ਲੇਬਰ ਸੰਪਰਕ

# ਮੁਲਾਜ਼ਮਾਂ ਅਤੇ ਮਾਲਕਾਂ ਲਈ ਲੇਬਰ ਸਟੈਂਡਰਡਜ਼ ਐਕਟ ਦੀ ਮੁੱਖ ਗੱਲਾਂ

### ਮਜ਼ੂਰੀ:

- 1 ਅਕਤੂਬਰ 2014 ਮੁਤਾਬਕ ਤਨਖਾਹ ਦੀ ਘੱਟੋ-ਘੱਟ ਦਰ $10.25 ਹੈ ਅਤੇ 1 ਅਕਤੂਬਰ 2015 ਤੋਂ ਵਧ ਕੇ $10.50 ਹੋ ਜਾਵੇਗੀ।
- 1 ਅਕਤੂਬਰ 2014 ਤੋਂ ਹਫ਼ਤੇ ਦੇ 40 ਘੰਟੇ ਤੋਂ ਵੱਧ ਕੰਮ ਕਰਨ `ਤੇ ਮਮਲਣ ਵਾਲੇ ਓਵਰਟਾਇਮ ਦੀ ਘੱਟੋ-ਘੱਟ ਦਰ $15.38 ਹੈ ਅਤੇ 1 ਅਕਤੂਬਰ 2015 ਤੋਂ ਇਹ ਵਧ ਕੇ $15.75 ਹੋ ਜਾਵੇਗੀ।

### ਸਮਾਪਤੀ ਦਾ ਨੋਟਿਸ:

ਨੌਕਰੀ ਸਮਾਪਤ ਕਰਣ ਦੀ ਚਾਹ ਕਰਣ ਵਾਲੇ ਕਿਸੇ ਵੀ ਧਿਰ ਵਲੋਂ ਸਮਾਪਤੀ ਦਾ ਨੋਟਿਸ ਜ਼ਰੂਰ ਦਿੱਤਾ ਜਾਵੇ। ਲਿਖਤ ਨੋਟਿਸ ਜਾਂ ਏਵਜ ਵਿੱਚ ਭੁਗਤਾਨ (ਪੇ ਇਨ ਲਿਉ) ਨੋਟਿਸ ਦੀ ਮੰਗ ਹੇਠਾਂਨੁਸਾਰ ਹੈ:

- 1 ਹਫ਼ਤਾ ਨੋਟਿਸ – 3 ਮਹੀਨੇ ਜਾਂ ਵਧੀਕ ਪਰ 2 ਸਾਲ ਤੋਂ ਘੱਟ ਦੀ ਨੌਕਰੀ
- 2 ਹਫ਼ਤਾ ਨੋਟਿਸ – 2 ਸਾਲ ਜਾਂ ਵਧੀਕ ਪਰ 5 ਸਾਲ ਤੋਂ ਘੱਟ ਦੀ ਨੌਕਰੀ
- 3 ਹਫ਼ਤਾ ਨੋਟਿਸ – 5 ਸਾਲ ਜਾਂ ਵਧੀਕ ਪਰ 10 ਸਾਲ ਤੋਂ ਘੱਟ ਦੀ ਨੌਕਰੀ
- 4 ਹਫ਼ਤਾ ਨੋਟਿਸ – 10 ਸਾਲ ਜਾਂ ਵਧੀਕ ਪਰ 15 ਸਾਲ ਤੋਂ ਘੱਟ ਦੀ ਨੌਕਰੀ
- 6 ਹਫ਼ਤਾ ਨੋਟਿਸ – 15 ਸਾਲ ਜਾਂ ਵਧੀਕ ਦੀ ਨੌਕਰੀ

### ਗੈਰ-ਕਨੂੰਨੀ ਸ਼ਰਤਾਂ/ਕਟੌਤੀਆਂ:

- ਕੋਈ ਮਾਲਕ ਕਿਸੇ ਮੁਲਾਜ਼ਮ ਤੋਂ ਮਾਲਕ ਦਾ ਮਾਲ-ਮਤਾਅ (ਜਿਵੇਂ ਕਿ ਵਰਦੀ) ਖ਼ਰੀਦਣ ਦੀ ਮੰਗ ਨਹੀਂ ਕਰ ਸਕਦਾ ਜਾਂ ਮੁਲਾਜ਼ਮ ਨੂੰ ਕਮਾਈ ਮਜ਼ੂਰੀ ਦਾ ਕੋਈ ਹਿੱਸਾ ਕਿਵੇਂ ਖ਼ਰਚ ਕੀਤਾ ਜਾਵੇ (ਜਿਵੇਂ ਕਿ ਨਗਦੀ ਦੀ ਕਮੀ ਦੀ ਭਰੌਤੀ) ਬਾਰੇ ਨਹੀਂ ਕਹਿ ਸਕਦਾ।
- ਕੋਈ ਮਾਲਕ ਕੇਵਲ *ਲੇਬਰ ਸਟੈਂਡਰਡਜ਼ ਐਕਟ* ਵਿੱਚ ਉਲੀਕੀ ਖਾਸ ਕਟੌਤੀਆਂ ਹੀ ਕਰ ਸਕਦਾ ਹੈ। ਜੇ ਮੁਲਾਜ਼ਮ ਕਿਸੇ ਮਾਲਕ ਦੀ ਉਤਪਾਦ, ਮਾਲ-ਮਤੇਅ ਦੀ ਹਾਣੀ ਕਰਦਾ ਹੈ ਜਾਂ ਉਸ ਦਾ ਮਾਲਕ ਨਾਲ ਬਕਾਇਆ ਖਾਤਾ ਹੈ, ਮਾਲਕ ਆਪਣੀ ਹਾਣੀ ਦੀ ਪੂਰਤੀ ਮੁਲਾਜ਼ਮ ਦੀ ਮਜ਼ੂਰੀ ਤੋਂ ਕਟੌਤੀ ਕਰਕੇ ਨਹੀਂ ਕਰ ਸਕਦਾ ਪਰ ਇਸ ਤਰ੍ਹਾਂ ਦੀ ਰਕਮ ਦੀ ਪੂਰਤੀ ਲਈ ਉਸ ਨੂੰ ਵਿਕਲਪਿਕ ਉਪਾਅ ਲੈਣੇ ਹੋਣਗੇ

### ਰਿਹਾਇਸ਼ੀ ਥਾਂ:

ਸੇਵਾ ਦੇ ਇਕਰਾਰਨਾਮੇ ਵਿੱਚ ਮੁਲਾਜ਼ਮ ਨੂੰ ਮਾਲਕ ਅਧੀਨ ਉਸ ਦੀ ਚਾਰ ਦੀਵਾਰੀ ਦੇ ਅੰਦਰਵਾਰ ਰਹਿਣ ਦੀ ਸ਼ਰਤ ਦੀ ਮੰਗ ਅਤੇ ਮਾਲਕ ਨੂੰ ਮਜ਼ੂਰੀ ਵਿੱਚੋਂ ਵਾਜਬੀ ਕਿਰਾਇਆ ਕੱਟਣ ਦੀ ਜਾਂ ਚਾਰ ਦੀਵਾਰੀ ਦੇ ਅੰਦਰਵਾਰ ਉਸ ਮੱਲੇ ਹੋਏ ਹਿੱਸੇ ਦੇ ਪੈਸੇ ਚਾਰਜ਼ ਕਰਣ ਦੀ ਆਗਿਆ ਹੋ ਸਕਦੀ ਹੈ।

### ਛੁੱਟੀਆਂ:

12 ਮਹੀਨੇ ਦੀ ਲਗਾਤਾਰ ਨੌਕਰੀ ਉਪਰੰਤ, ਮੁਲਾਜ਼ਮ ਉਸ 12 ਮਹੀਨੇ ਦੇ ਸਮੇਂ ਵਿੱਚ ਕੀਤੀ ਕੁਲ ਕਮਾਈ ਮਜ਼ੂਰੀ ਉੱਤੇ 4% ਰੇਟ ਤੇ 2 ਹਫ਼ਤੇ ਦੀ ਸਾਲਾਨਾ ਛੁੱਟੀਆਂ ਦੇ ਭੁਗਤਾਨ ਦਾ ਹੱਕਦਾਰ ਹੈ। ਮੁਲਾਜ਼ਮ ਦਾ ਸਾਲਾਨਾ ਛੁੱਟੀਆਂ ਦੇ ਭੁਗਤਾਨ ਦਾ ਹੱਕਦਾਰ ਨਾ ਹੋਣ ਦੀ ਸੂਰਤ ਵਿੱਚ, ਜੇ ਉਸ ਨੇ 5 ਜਾਂ ਵਧੀਕ ਦਿਨ ਕੰਮ ਕੀਤਾ ਹੈ, ਉਹ ਕੁਲ ਮਜ਼ੂਰੀ


Labour Standards Division
Labour Relations Agency
3rd Floor Beothuck Building, 20 Crosbie Place
P. O. Box 8700, St. John's, NL A1B 4J6
ਟੈਲੀਫ਼ੋਨ: 709-729-2742
ਫ਼ੈਕਸ: 709-729-3528
ਟੋਲ-ਫ਼੍ਰੀ: 1-877-563-1063

Labour Standards Division
7th Floor, Sir Richard Squires Building
Mount Bernard Avenue
P. O. Box 2006, Corner Brook, NL A2H 6J8
ਟੈਲੀਫ਼ੋਨ: 709-637-2364
ਫ਼ੈਕਸ: 709-637-2592

ਵੈੱਬਸਾਈਟ: www.gov.nl.ca/lra


(ਅਕਤੂਬਰ 2014 )

ਦਾ 4% ਛੁੱਟੀ ਦੀ ਤਨਖਾਹ (ਵਕੇਸ਼ਨ ਪੇ) ਲੈਣ ਦਾ ਹੱਕਦਾਰ ਹੈ । 15 ਸਾਲ ਜਾਂ ਵਧੀਕ ਦੀ ਲਗਾਤਾਰ ਨੌਕਰੀ ਕਰਣ ਵਾਲੇ ਮੁਲਾਜ਼ਮਾਂ ਲਈ ਵੱਖ ਨਿਯਮ ਹਨ।

**ਟਿਪਸ:**

ਟਿਪਸ ਮੁਲਾਜ਼ਮ ਦੀ ਮਲਕੀਅਤ ਹੈ ਜਿਸ ਨੂੰ ਜਾਂ ਜਿਸ ਦੇ ਲਈ ਉਹ ਦਿੱਤੇ ਗਏ ਹਨ। ਮਾਲਕ ਮੁਲਾਜ਼ਮ ਤੋਂ ਕਿਸੇ ਮਾਲਕ, ਕਿਸੇ ਪ੍ਰਬੰਧਕ ਜਾਂ ਮੁਲਾਜ਼ਮ ਦੇ ਨਿਗਰਾਨ (ਸੁਪਰਵਾਈਜ਼ਰ) ਜਾਂ ਮਾਲਕ ਦੇ ਕਿਸੇ ਪ੍ਰਤੀਨਿਧੀ ਨਾਲ ਕਿਸੇ ਟਿਪ ਨੂੰ ਵੰਡਣ ਦੀ ਮੰਗ ਨਹੀਂ ਕਰ ਸਕਦੇ।

**ਪਬਲਕ ਛੁੱਟੀਆਂ:**

ਮੁਲਾਜ਼ਮ 6 ਪਬਲਕ ਛੁੱਟੀਆਂ ਦੇ ਹੱਕਦਾਰ ਹੋ ਸਕਦੇ ਹਨ:

ਨਵ ਸਾਲ ਦਿਨ, ਗੁਡ ਫਰਾਇਡੇ, ਮੈਮੋਰਿਅਲ ਡੇ, ਲੇਬਰ ਡੇ, ਰਿਮੈਮਬਰੈਂਸ ਡੇ ਅਤੇ ਕਰਿਸਮਸ ਡੇ।

**ਅਰਾਮ ਮਿਆਦ:**

ਕੁੱਝ ਅਪਵਾਦਾਂ ਨੂੰ ਛੱਡ, ਮੁਲਾਜ਼ਮ ਪ੍ਰਤੀ ਹਫ਼ਤੇ ਲਗਾਤਾਰ 24 ਘੰਟੇ ਲਈ ਅਰਾਮ ਲੈਣ ਦਾ ਹੱਕਦਾਰ ਹੈ।

ਕੁੱਝ ਅਪਵਾਦਾਂ ਨੂੰ ਛੱਡ, ਮੁਲਾਜ਼ਮ ਲਗਾਤਾਰ 5 ਘੰਟੇ ਕੰਮ ਕਰਣ ਦੇ ਤੁਰੰਤ ਬਾਅਦ 1 ਘੰਟੇ ਲਈ ਅਰਾਮ ਲੈਣ ਦਾ ਹੱਕਦਾਰ ਹੈ।

ਕੁੱਝ ਅਪਵਾਦਾਂ ਨੂੰ ਛੱਡ, ਮੁਲਾਜ਼ਮ ਨੂੰ ਪ੍ਰਤੀ 24 ਘੰਟੇ ਦੀ ਮਿਆਦ ਵਿੱਚ ਲਗਾਤਾਰ 8 ਘੰਟੇ ਤੋਂ ਨਾ ਘੱਟ ਕੰਮ ਬੰਦ ਦੀ ਮਨਜ਼ੂਰੀ ਦਿੱਤੀ ਜਾਵੇ।

**ਗਰਭਾਵਸਥਾ, ਗੋਦ ਅਤੇ ਪਿਤਰੀ ਛੁੱਟੀ:**

ਇੱਕੋ ਮਾਲਕ ਨਾਲ ਲਗਾਤਾਰ 20 ਹਫ਼ਤੇ ਤੋਂ ਕੰਮ ਕਰ ਰਿਹਾ ਮੁਲਾਜ਼ਮ 17 ਹਫ਼ਤੇਆਂ ਲਈ ਬਿਨਾ ਤਨਖਾਹ ਗਰਭਾਵਸਥਾ ਛੁੱਟੀ (ਪ੍ਰੈਗਨੈਂਸੀ ਲੀਵ) ਜਾਂ ਬੱਚਾ ਗੋਦ ਛੁੱਟੀ (ਅਡੌਪਸ਼ਨ ਲੀਵ) ਅਤੇ 35 ਹਫ਼ਤੇ ਪਿਤਰੀ ਛੁੱਟੀ (ਪੇਰੈਂਟਲ ਲੀਵ) ਲੈਣ ਦਾ ਹੱਕਦਾਰ ਹੈ।

**ਬਿਮਾਰੀ/ਪਰਵਾਰਕ ਜ਼ਿਮੇਵਾਰੀ ਛੁੱਟੀ:**

ਇੱਕੋ ਮਾਲਕ ਨਾਲ ਲਗਾਤਾਰ 30 ਦਿਨਾਂ ਤੀਕ ਲਗਾਤਾਰ ਕੰਮ ਕਰਣ ਤੋਂ ਬਾਅਦ ਕੋਈ ਮੁਲਾਜ਼ਮ ਸਾਲ ਵਿੱਚ ਬਿਨਾ ਤਨਖਾਹ ਏਹ 7 ਦਿਨ ਦੀ ਛੁੱਟੀ ਲੈਣ ਦਾ ਹੱਕਦਾਰ ਹੈ। 3 ਜਾਂ ਉਤੋੜਿਤੀ ਵਧੀਕ ਦਿਨਾਂ ਦੀ ਛੁੱਟੀ ਲੈਣ ਤੇ ਮੁਲਾਜ਼ਮ ਜ਼ਰੂਰ ਕਿਸੇ ਕਾਬਲ ਚਿਕਿਤਸਕ ਤੋਂ ਬਿਮਾਰੀ ਦੀ ਛੁੱਟੀ ਲਈ ਪ੍ਰਮਾਣ-ਪੱਤਰ ਜਾਂ ਪਰਵਾਰ ਦੀ ਜ਼ਿਮੇਵਾਰੀ ਲਈ ਲਿੱਤੀ ਛੁੱਟੀ ਦੀ ਸੂਰਤ ਵਿੱਚ ਇੱਕ ਲਿਖਤ ਸਪਸ਼ਟੀਕਰਨ ਲੈ ਕੇ ਦਵੇ।

**ਸੋਗ ਛੁੱਟੀ:**

ਇੱਕੋ ਮਾਲਕ ਨਾਲ ਘਟੋ-ਘਟ 30 ਦਿਨਾਂ ਤੀਕ ਲਗਾਤਾਰ ਕੰਮ ਕਰਣ ਤੋਂ ਬਾਅਦ ਕੋਈ ਮੁਲਾਜ਼ਮ ਪਰਵਾਰ ਦੇ ਕਿਸੇ ਮੈਂਬਰ ਦੀ ਮੋਤ ਤੇ ਤਨਖਾਹ ਸਮੇਤ 1 ਦਿਨ ਦੀ ਅਤੇ ਬਿਨਾ ਤਨਖਾਹ 2 ਦਿਨ ਛੁੱਟੀ ਲੈਣ ਦਾ ਹੱਕਦਾਰ ਹੋ ਜਾਂਦਾ ਹੈ। ਜੋ ਮੁਲਾਜ਼ਮ ਏਹ ਲੁੜੀਂਦੀ ਯੋਗਤਾਵਾਂ ਤੇ ਪੂਰਾ ਨਹੀਂ ਉਤਰਦਾ, ਉਹ ਪਰਵਾਰ ਦੇ ਕਿਸੇ ਮੈਂਬਰ ਦੀ ਮੋਤ ਤੇ ਬਿਨਾ ਤਨਖਾਹ 2 ਦਿਨ ਛੁੱਟੀ ਲੈਣ ਦਾ ਹੱਕਦਾਰ ਹੈ।

**ਦੇਖਭਾਲ ਲਈ ਛੁੱਟੀ (ਕੰਪੈਸ਼ਨੇਟ ਕੇਯਰ ਲੀਵ)**

ਕੋਈ ਮੁਲਾਜ਼ਮ ਜੇ ਕਿਸੇ ਮਾਲਕ ਦਾ ਘੱਟੋ-ਘੱਟ 30 ਦਿਨ ਕੰਮ ਕਰਦਾ ਹੈ, ਉਹ ਪਰਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਕਰਣ ਜਾਂ ਉਸ ਦਾ ਸਹਾਰਾ ਬਣਨ ਲਈ ਬਿਨਾ ਤਨਖਾਹ 8 ਹਫ਼ਤੇਆਂ ਲਈ ਅਨੁਕੰਪਾ ਦੇਖਭਾਲ ਛੁੱਟੀ (ਕੰਪੈਸ਼ਨੇਟ ਕੇਯਰ ਲੀਵ) ਦਾ ਹੱਕਦਾਰ ਹੈ ਬਸ਼ਰਤੇ ਉਹ ਕਿਸੇ ਕਨੂੰਨੀ ਤੌਰ ਤੇ ਕਾਬਲ ਚਿਕਿਤਸਕ ਦੁਆਰਾ ਦਿੱਤਾ ਪ੍ਰਮਾਣ-ਪੱਤਰ ਲਿਆਵੇ ਜਿਸ ਵਿੱਚ ਕਿਹਾ ਹੋਵੇ ਕਿ ਪਰਵਾਰ ਦੇ ਮੈਂਬਰ ਦੀ ਮੈਡੀਕਲ ਅਵਸਥਾ 26 ਹਫ਼ਤੇਆਂ ਦੇ ਅੰਦਰ ਮੌਤ ਦੇ ਖ਼ਤਰੇ ਨਾਲ ਬਹੁਤ ਗੰਭੀਰ ਹੈ।

**ਇਹ ਦਸਤਾਵੇਜ਼ ਕੇਵਲ ਆਮ ਜਾਣਕਾਰੀ ਲਈ ਚਿਤਵਿਆ ਗਿਆ ਹੈ ਅਤੇ ਇਹ ਕਨੂੰਨੀ ਸਲਾਹ ਨਹੀਂ। 1 ਅਕਤੂਬਰ 2014 ਤੋਂ ਇਹ ਜਾਣਕਾਰੀ ਅਜੋਕੀ ਹੈ। ਜਿੱਥੇ ਕਿਤੇ ਵੀ ਏਹਨਾ ਸੇਧਾਂ (ਗਾਈਡਲਾਈਨਸ) ਅਤੇ *ਲੇਬਰ ਸਟੈਂਡਰਡਜ਼ ਐਕਟ* ਵਿੱਚ ਕੋਈ ਵਧਾਅ-ਘਟਾਅ ਵਿਖੇ, *ਲੇਬਰ ਸਟੈਂਡਰਡਜ਼ ਐਕਟ* ਨੂੰ ਹੀ ਠੀਕ ਸਮਝਿਆ ਜਾਵੇਗਾ।**

***ਲੇਬਰ ਸਟੈਂਡਰਡਜ਼ ਐਕਟ*** **ਸੰਬੰਧਤ ਵਧੀਕ ਜਾਣਕਾਰੀ ਹੇਠਾਂ ਦਿੱਤੇ ਵੇਰਵੇ ਅਨੁਸਾਰ ਪ੍ਰਾਪਤ ਕੀਤੀ ਜਾ ਸਕਦੀ ਹੈ:**

**ਟੈਲੀਫ਼ੋਨ:** **709-729-2742** (ਸੇਂਟ ਜਾਨ ਦਾ)
**709-637-2364** (ਕਾਰਨਰ ਬਰੂਕ)
**1-877-563-1063** (ਟੋਲ-ਫ਼੍ਰੀ)

**ਈ-ਮੇਲ:** **labourstandards@gov.nl.ca**

**ਵੈੱਬਸਾਈਟ:** **www.gov.nl.ca/lra**

Newfoundland Labrador